ਸਚੁ ਸੁਣਾਇਸੀ ਸਚ ਕੀ ਬੇਲਾ

ਰੋਜ਼ਾਨਾ ਸਪੋਕਸਮੈਨ

ਐਤਵਾਰ, 13 ਅਕਤੂਬਰ, 2013

ਸਪਤਾਹਿਕੀ

ਪਾਣੀ ਵਾਲਾ 2

ਅਮੀਨ ਮਲਿਕ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਵੱਡੀ ਅਧਿਆਪਕਾ ਸਿਤਾਰਾ ਜ਼ਬੀਨ ਨੇ ਚਿੱਠੀ ਉਤੇ ਨਜ਼ਰ ਮਾਰ ਕੇ ਨਰਗਿਸ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਪੜ੍ਹਿਆ ਤੇ ਉਹਨੂੰ ਨਰਗਿਸ ਦੀਆਂ ਸਾਰੀਆਂ ਸਤਰਾਂ ਗ਼ਲਤ ਲਗੀਆਂ। ਇਸ 22 ਵਰ੍ਹਿਆਂ ਦੇ ਲਿਫ਼ਾਫ਼ੇ ਵਿਚੋਂ ਨਿਕਲੀ ਗੋਰੀ-ਚਿੱਟੀ-ਮਲੂਕੜੀ ਜਹੀ ਕੁੜੀ ਦਾ ਇਕ ਇਕ ਸ਼ਬਦ ਵੱਡੀ ਅਧਿਆਪਕਾ ਨੂੰ ਬੁਰਾ ਲੱਗਾ ਕਿਉਂਕਿ ਸਿਤਾਰਾ ਜ਼ਬੀਨ ਦਾ ਸਾਂਵਲਾ ਧੋਖਾ ਜਿਹਾ ਰੰਗ ਹੋਰ ਕਾਲਾ ਲੱਗਣ ਲੱਗ ਪਿਆ ਸੀ ਤੇ ਉਤੋਂ 22 ਵਰ੍ਹਿਆਂ ਦੀ ਨਰਗਿਸ ਨੇ ਪੰਤਾਲੀ ਸਾਲਾ ਦੀ ਵੱਡੀ ਅਧਿਆਪਕਾ ਨੂੰ ਉਮਰੋਂ ਹੋਰ ਵੀ ਵੱਡਾ ਕਰ ਸੁਟਿਆ। ਨਰਗਿਸ ਨੇ ਸਿਤਾਰਾ ਦੀ ਜਵਾਨੀ ਨੂੰ ਬੰਜ ਲਾ ਕੇ ਮੇਲਾ ਜਿਹਾ ਕਰ ਦਿਤਾ। ਬੜਾ ਔਖਾ ਹੁੰਦਾ ਹੈ ਦੂਜੇ ਦਾ ਹੁਸਨ ਬਰਦਾਸ਼ਤ ਕਰਨਾ। ਹੁਸਨ ਜੇ ਧੀ ਉਤੇ ਬਹੁਤਾ ਹੋਵੇ ਮਾਂ ਨਾਲੋਂ ਤਾਂ ਮਾਂ ਕੋਲੋਂ ਵੀ ਬਰਦਾਸ਼ਤ ਨਹੀਂ ਹੁੰਦਾ। ਸਿਤਾਰਾ ਨੇ ਮਾਅਲੀ ਜਿਹਾ ਆਖਿਆ, "ਮਿਸ ਨਰਗਿਸ! ਤੁਹਾਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ।"

ਨਰਗਿਸ ਸ਼ੁਕਰੀਆ ਆਖ ਕੇ ਬਹਿ ਗਈ ਤੇ ਗੱਲਬਾਤ ਹੁੰਦੀ ਰਹੀ। ਸਿਤਾਰਾ ਨੇ ਅਪਣੀ ਉਮਰ ਉਪਰ ਜਵਾਨੀ ਦਾ ਕੁਲੰਘਾ ਤਾਣਨ ਲਈ ਵਾਹਵਾ ਮਿਹਨਤ ਕੀਤੀ ਹੋਈ ਸੀ। ਖੁੱਲ੍ਹੇ ਪੌਂਚੇ ਵਾਲੀ ਸੁੱਚੀ ਸਲਵਾਰ, ਕੱਲੇ ਉੱਚੀ ਅੱਡੀ ਦੀ ਜੁੱਤੀ ਨਾਲ ਨਿੱਕੇ ਕਦ ਨੂੰ ਉੱਚਾ ਕਰ ਕੇ ਵਿੰਗਾ ਚੀਰ ਕਢਿਆ ਹੋਇਆ ਸੀ, ਪਰ ਜਵਾਨੀ ਹਥੋਂ ਨਿਕਲ ਜਾਏ ਤਾਂ ਉਹ ਲੋੜਿਆਂ ਦੇ ਪਿੰਜਰੇ ਵਿਚ ਕਦੋਂ ਵਸਦੀ ਏ। ਸਿਤਾਰਾ ਦੇ ਚਿਹਰੇ ਉਤੇ ਪਈਆਂ ਤਿੰਨ ਵਟੀਰੀਆਂ ਉਹਦੇ ਗੀਬੇ ਕੁਫ਼ਤੇ ਵਿਚ ਵੀ ਗੁੱਝੀਆਂ ਨਹੀਂ ਸਨ ਰਹੀਆਂ। ਇਵੇਂ ਲਗਦੀ ਸੀ ਜਿਵੇਂ ਸਟਾਲ ਦੀ ਪੰਡ ਬੰਨ੍ਹ ਕੇ ਰੱਖੀ ਹੋਈ ਏ। ਉਹ ਸਿੱਧੀ ਹੋ ਕੇ ਕੁਰਸੀ ਉਤੇ ਬੈਠੀ ਤੇ ਆਖਣ ਲੱਗੀ, "ਮਿਸ ਨਰਗਿਸ! ਤੁਹਾਡਾ ਲੈਟਰ ਤਾਂ ਬੜੇ ਚਿਰ ਦਾ ਆਇਆ ਹੋਇਐ, ਦੀ ਤੁਸੀ ਏਨੇ ਚਿਰ ਪਿਛੋਂ ਕਿਉਂ ਰੀਪੋਰਟ ਕੀਤੀ?"

ਨਰਗਿਸ ਬੋਲੀ, "ਮੇਰੀ ਮਾਂ ਦੀ ਬੀਮਾਰੀ ਦੇ ਨਾਲ-ਨਾਲ ਹੋਰ ਵੀ ਬੜੀਆਂ ਔਕੜਾਂ ਸਨ। ਏਡੀ ਦੂਰ ਆ ਕੇ ਨੌਕਰੀ ਕਰਨਾ ਬੜਾ ਔਖਾ ਸੀ, ਪਰ ਆਖ਼ਰ ਲੋੜਾਂ-ਥੋੜਾਂ ਦੀ ਦਾਰੂ ਬੱਲੇ ਆਉਣ ਦੀ ਬਜਾਏ, ਮਜਬੂਰੀਆਂ ਨੂੰ ਗਲ ਲਾ ਕੇ ਆ ਹੀ ਗਈ ਹਾਂ।"

ਇਸ ਨਿੱਕੇ ਜਹੇ ਸਕੂਲ ਦੀ ਇਮਾਰਤ ਜ਼ੈਲਦਾਰ ਹਾਕਮ ਖ਼ਾਨ ਦੀ ਮਲਕੀਅਤ ਸੀ ਜਿਸ ਨੇ ਮਹਿਕਮਾ ਤਾਅਲੀਮ ਨੂੰ ਇਹ ਇਸ ਲਈ ਦਾਨ ਕਰ ਦਿਤੀ ਸੀ ਕਿ ਉਸ ਦੇ ਪਿੰਡ ਵਿਚ ਵੀ ਬਾਲਾਂ ਦਾ ਸਕੂਲ ਖੁੱਲ੍ਹ ਜਾਏ। ਦੂਜਾ, ਉਸ ਦੀ ਚੌਧਰਾਹਟ ਦਾ ਖਲਾਰ ਹੋਰ ਮੋਕਲਾ ਹੋ ਜਾਏ ਤੇ ਸਕੂਲ ਵੀ ਉਹਦੀ ਜਗੀਰ ਦਾ ਹਿੱਸਾ ਬਣ ਜਾਏ। ਆਪ ਤਾਂ ਹਾਕਮ ਖ਼ਾਨ ਚਲਾਣਾ ਕਰ ਗਿਆ ਸੀ ਪਰ ਉਸ ਦਾ ਢੰਗ ਜਿਹਾ ਵਿਗੜਿਆ ਹੋਇਆ ਇਕੱਲਾ-ਇਕੱਲਾ ਪੁੱਤਰ ਚੌਧਰੀ ਰਿਆਜ਼ ਹੀ ਹੁਣ ਕਾਰ ਮੁਖ਼ਤਾਰ ਸੀ। ਹਾਕਮ ਖ਼ਾਨ ਨੇ ਪੁੱਤਰ ਨੂੰ ਨਿੱਕੀ ਉਮਰੇ ਹੀ ਚਾਚੇ ਵਲ ਵਿਆਹ ਦਿਤਾ ਸੀ ਕਿ ਚਾਚੇ ਦੀ ਇਕੱਲੀ ਧੀ ਦੀ ਜ਼ਮੀਨ ਦਾ ਮਾਲਕ ਵੀ ਰਿਆਜ਼ ਹੀ ਬਣ ਜਾਏ। ਚਾਚੇ ਦੀ ਧੀ ਅਜ਼ਰਾ, ਰਿਆਜ਼ ਨਾਲੋਂ ਦੋ-ਚਾਰ ਵਰ੍ਹੇ ਵੱਡੀ ਸੀ ਅਤੇ ਕੋਈ ਖ਼ਾਸ ਮੂੰਹ ਮੱਥੇ ਵੀ ਨਹੀਂ ਸੀ ਲਗਦੀ। ਪਰ ਉਹਦੇ ਪਿਉ ਦਾ ਜ਼ਮੀਨੀ ਢਾਂਗਾ ਉਹਦੇ ਪਰਦੇ ਢੱਕੀ ਬੈਠਾ ਸੀ। ਰਿਆਜ਼ ਦਾ ਅਜ਼ਰਾ ਨਾਲ ਬਝਦਾ ਤਾਂ ਨਹੀਂ ਸੀ, ਪਰ ਉਸ ਵਿਚੋਂ ਇਕ ਸੋਹਣਾ ਜਿਹਾ ਪੁੱਤਰ ਅਤੇ ਉਸ ਦੀ ਜਾਇਦਾਦ ਨਾਲ ਪਿਆਰ ਜ਼ਰੂਰ ਸੀ ਉਹਨੂੰ।

ਵੱਡੀ ਉਸਤਾਨੀ ਸਿਤਾਰਾ ਦਾ ਜਵਾਨੀ ਵਿਚ ਵਿਆਹ ਹੋ ਗਿਆ ਸੀ, ਪਰ ਫ਼ਿਲਮਾਂ ਅਤੇ ਵੱਡੇ-ਟੋਰੇ ਦੀ ਸ਼ੌਕੀ ਸਿਤਾਰਾ ਨੂੰ ਖ਼ਾਵੰਦ ਵਿਚੋਂ ਦਲੀਪ ਕੁਮਾਰ, ਦੇਵ ਆਨੰਦ ਨਜ਼ਰ ਨਾ ਆਇਆ ਤੇ ਉਹ ਐਵੇਂ ਪੈਰ-ਪੈਰ 'ਤੇ ਖ਼ਾਵੰਦ ਨਾਲ ਖਹਿਬੜੀ ਪੈਂਦੀ ਸੀ। ਬੜਾ ਚਿਰ ਖਿੱਟ-ਪਿਟ ਰਹੀ ਤੇ ਸਿਤਾਰਾ ਨੇ ਕਿਸੇ ਬਦਮਾਸ਼ ਕੋਲੋਂ ਧਮਕੀ ਦਿਵਾ ਕੇ ਖ਼ਾਵੰਦ ਕੋਲੋਂ ਤਲਾਕ ਲੈ ਲਿਆ। ਸਿਤਾਰਾ ਦੀ ਵਾਕਫ਼ੀਅਤ ਬਥੇਰੀ ਸੀ ਤੇ ਉਹ ਇਕ ਪ੍ਰਾਇਮਰੀ ਸਕੂਲ ਵਿਚ ਉਸਤਾਨੀ ਲੱਗ ਗਈ। ਜਮਾਲਪੁਰ ਨਵਾਂ ਸਕੂਲ ਬਣਿਆ ਤੇ ਉਹ ਹੈਡ ਉਸਤਾਨੀ ਬਣ ਕੇ ਉਥੇ ਆ ਗਈ। ਚੌਧਰੀ ਰਿਆਜ਼ ਜ਼ਨਾਨੀਆਂ ਬਾਰੇ ਇਧਰ ਉਧਰ ਮੂੰਹ ਮਾਰਦਾ ਰਹਿੰਦਾ ਸੀ। ਸਿਤਾਰਾ ਜ਼ਬੀਨ ਵੈਸੇ ਹੀ ਖੁਲ੍ਹੀ-ਡੁਲ੍ਹੀ ਸੀ ਤੇ ਚੌਧਰੀ ਨੇ ਉਸ ਨੂੰ ਸਕੂਲ ਦੇ ਨੇੜੇ ਹੀ ਰਿਹਾਇਸ਼ ਲਈ ਥਾਂ ਦੇ ਦਿਤੀ। ਸਿਤਾਰਾ ਨੂੰ ਬੋਲਣਾ- ਚਾਲਣਾ, ਪਾਉਣਾ-ਲਾਹੁਣਾ, ਬਣਨਾ-ਸੰਵਰਨਾ ਅਤੇ ਅੱਖਾਂ ਨੂੰ ਮਟਕਾਣਾ ਚੰਗਾ ਆਉਂਦਾ ਸੀ। 10 ਜਮਾਤਾਂ ਵੀ ਪਾਸ ਸੀ। ਅੱਗੋਂ ਕਿਸੇ ਮਰਦ ਦੇ ਚਾਲੇ ਅਤੇ ਚਾਲ ਵਿਗੜੀ ਹੋਵੇ ਤਾਂ ਉਹ ਹਰ ਛਿੱਲੜ ਤੋਂ ਤਿਲਕ-ਤਿਲਕ ਪੈਂਦੇ। ਉਤੋਂ ਸਿਤਾਰਾ ਛਿੱਲੜ ਵੀ ਐਸੀ ਸੀ ਕਿ ਆਪ ਟੁਰ ਕੇ ਪੈਰ ਥੱਲੇ ਜਾ ਵੜਦੀ ਸੀ।

ਨਰਗਿਸ ਦੀ ਚਿੱਠੀ ਸਿਤਾਰਾ ਨੇ ਫ਼ਾਈਲ ਵਿਚ ਰੱਖ ਕੇ ਹਰ ਪੱਖ ਉਤੇ ਗ਼ੌਰ ਕੀਤਾ ਤੇ ਉਹ ਉਸ ਨੂੰ ਕੁੱਝ ਬੇਸਵਾਦੀ ਜਹੀ ਲੱਗੀ। ਨਰਗਿਸ ਦੀ ਤਾਲੀਮ ਵੀ ਸਿਤਾਰਾ ਨਾਲੋਂ ਵੱਧ, ਉਮਰ ਛੋਟੀ ਅਤੇ ਮੂੰਹ ਮੱਥੇ ਦੀ ਬਹਾਰ ਵੇਖ ਕੇ, ਸਿਤਾਰਾ ਉਪਰ ਪੱਤ-ਝੜ ਜਹੀ ਆ ਗਈ। ਸਿਤਾਰਾ ਨੇ ਨਰਗਿਸ ਨਾਲ ਬੜੀਆਂ ਮਾਯੂਸੀ ਪੈਦਾ ਕਰਨ ਵਾਲੀਆਂ ਗੱਲਾਂ ਕੀਤੀਆਂ ਅਤੇ ਬੜੇ ਸਿਆਪੇ-ਵੀਦੇ ਦੱਸੇ ਕਿ ਸ਼ਾਇਦ ਨਰਗਿਸ ਡਰ ਕੇ ਆਪ ਹੀ ਛੱਡ ਜਾਏ। ਸਿਤਾਰਾ ਨੇ ਦਸਿਆ ਕਿ ਚੌਧਰੀ ਰਿਆਜ਼ ਉਸਤਾਨੀਆਂ ਨੂੰ ਅਪਣੀਆਂ ਮੱਝਾਂ-ਗਾਵਾਂ ਸਮਝ ਕੇ ਸਲੂਕ ਕਰਦੇ ਅਤੇ ਤਨਖ਼ਾਹ ਵੇਲੇ ਸਿਰ ਨਹੀਂ ਮਿਲਦੀ। ਇਸ ਤਰ੍ਹਾਂ ਉਹ ਨਰਗਿਸ ਦਾ ਕੰਡਾ ਕਢਣਾ ਚਾਹੁੰਦੀ ਸੀ। ਨਰਗਿਸ ਨੇ ਸਾਰੀਆਂ ਗੱਲਾਂ ਸੁਣ ਕੇ ਆਖਿਆ, "ਮਿਸ ਸਿਤਾਰਾ! ਬਾਕੀ ਕੌੜੀਆਂ-ਕੁਸੈਲੀਆਂ ਗੱਲਾਂ ਨਾਲ ਤਾਂ ਨਿਬੜਿਆ ਜਾ ਸਕਦੈ, ਪਰ ਜੇ ਕੋਈ ਸਾਨੂੰ ਅਪਣੀ ਮਲਕੀਅਤ ਜਾਣ ਕੇ, ਬੁਰਾ ਸਲੂਕ ਕਰੇ ਤਾਂ ਬਰਦਾਸ਼ਤ ਕਰਨਾ ਵੱਸ ਤੋਂ ਬਾਹਰ ਹੈ। ਸਰਕਾਰੀ ਨੌਕਰੀ ਦਾ ਹੱਕ ਅਦਾ ਕਰ ਕੇ, ਹਕੂਮਤ ਕੋਲੋਂ ਉਸ ਦਾ ਮੁਆਵਜ਼ਾ ਲੈਣਾ ਸਾਡਾ ਹੱਕ ਹੈ, ਪਰ ਇਸ ਨੌਕਰੀ ਨੂੰ ਕਿਸੇ ਦੀ ਮਿਹਰਬਾਨੀ ਜਾਣ ਕੇ ਅਪਣੀ ਇੱਜ਼ਤ ਦੀ ਵਾਗ ਉਹਦੇ ਹੱਥ ਨਹੀਂ ਫੜਾਈ ਜਾ ਸਕਦੀ। ਚੌਧਰੀ ਰਿਆਜ਼ ਸਾਨੂੰ ਅਪਣੀ ਜ਼ਮੀਨ ਸਮਝ ਕੇ, ਸੁਹਾਗਾ ਨਹੀਂ ਫੇਰ ਸਕਦਾ।"

ਨਿੱਕੇ ਸਕੂਲ ਦੀ ਵੱਡੀ ਉਸਤਾਨੀ ਸਿਤਾਰਾ ਜ਼ਬੀਨ ਨੂੰ ਇਸ ਗੱਲ ਦਾ ਤਾਂ ਦੁੱਖ ਹੋਇਆ ਕਿ ਨਰਗਿਸ ਪੜ੍ਹੀ-ਲਿਖੀ ਅਤੇ ਅਕਲ ਸੋਚ ਵਾਲੀ ਇਕ ਸਿਆਣੀ ਕੁੜੀ ਹੈ, ਪਰ ਨਾਲ ਹੀ ਖ਼ੁਸ਼ ਵੀ ਹੋਈ ਕਿ ਇਸ ਦੀ ਇਹ ਸਿਆਣਪ ਅਤੇ ਅਣਖ ਇਸ ਕੁੜੀ ਦਾ ਮੁੱਢਾ ਪੁੱਟੇਗੀ ਤੇ ਜੜ੍ਹਾਂ ਵੱਢੇਗੀ। ਸਿਤਾਰਾ ਜ਼ਬੀਨ ਨੇ ਨਰਗਿਸ ਦੀਆਂ ਗੱਲਾਂ ਨਾਲ ਹਾਂ ਮਿਲਾਂਦਿਆਂ ਹੱਲਾਸ਼ੇਰੀ ਦੇ ਕੇ ਆਖਿਆ, "ਮਿਸ ਨਰਗਿਸ, ਤੁਹਾਡੀਆਂ ਗੱਲਾਂ ਨਾਲ ਸਾਨੂੰ ਵੀ ਬੜਾ ਹੌਸਲਾ ਮਿਲਿਆ ਹੈ ਕਿ ਅਸੀ ਅਪਣੇ ਹੱਕ ਅਤੇ ਇੱਜ਼ਤ ਲਈ ਡੱਟ ਕੇ ਲੜ ਸਕਾਂਗੇ।"

ਨਰਗਿਸ ਨੇ ਕਾਗ਼ਜ਼ ਪੱਤਰਾਂ ਦੀ ਕਾਰਵਾਈ ਪੂਰੀ ਕੀਤੀ ਤੇ ਦੂਜੇ ਦਿਨ ਡਿਊਟੀ ਉਪਰ ਆਉਣ ਦੀ ਹਾਮੀ ਭਰ ਕੇ ਚਲੀ ਗਈ। ਉਸ ਨੂੰ ਰਾਹ ਵਿਚ ਕਈ ਵਿਰੋਧੀ ਖ਼ਿਆਲ ਆਏ, ਪਰ ਘਰ ਦੀਆਂ ਜ਼ਰੂਰਤਾਂ ਅਤੇ ਮਾਂ ਦੀ ਬੀਮਾਰੀ ਨੂੰ ਮੁੱਖ ਰੱਖ ਕੇ ਇਸ ਨੌਕਰੀ ਨੂੰ ਹਰ ਹਾਲਤ ਵਿਚ ਹੱਥ ਵਿਚ ਰੱਖਣ ਦਾ ਪੱਕਾ ਇਰਾਦਾ ਕਰ ਲਿਆ ਸੀ ਉਹਨੇ।

ਸਕੂਲੋਂ ਛੁੱਟੀ ਕਰ ਕੇ ਸਿਤਾਰਾ ਜ਼ਬੀਨ ਬੜੀ ਬੇਕਰਾਰੀ ਨਾਲ ਜ਼ੈਲਦਾਰ ਰਿਆਜ਼ ਦਾ ਇੰਤਜ਼ਾਰ ਕਰ ਰਹੀ ਸੀ ਕਿ ਉਹ ਨਰਗਿਸ ਦੀਆਂ ਕੌੜੀਆਂ-ਕੁਸੈਲੀਆਂ ਗੱਲਾਂ ਦਾ ਚੀਕਾ ਉਹਦੇ ਕੰਨ ਵਿਚ ਪਾ ਕੇ ਨਰਗਸ ਵਿਰੁਧ ਭੜਕਾ ਸਕੇ। ਉਹ ਜਾਣਦੀ ਸੀ ਕਿ ਰੱਜ ਕੇ ਰੋਟੀ ਖਾਣ ਵਾਲੇ ਰੱਜੇ-ਪੁੱਜੇ ਜਾਗੀਰਦਾਰ ਕਿਸੇ ਨੂੰ ਉੱਚਾ ਸਿਰ ਕਰ ਕੇ ਗੱਲ ਕਰਨ ਦੀ ਇਜਾਜ਼ਤ ਨਹੀਂ ਦੇਂਦੇ। ਜਦੋਂ ਤਰਕਾਲਾਂ ਵਾਹਵਾ ਧੁੰਦਲੀਆਂ ਹੋ ਗਈਆਂ, ਉਡੀਕਾਂ ਦਾ ਸਾਹ ਟੁੱਟਣ ਲੱਗ ਪਿਆ ਤੇ ਚੌਧਰੀ ਰਿਆਜ਼ ਦੇ ਆਉਣ ਦੀ ਆਸ ਧੁੰਦਲਾਣ ਲੱਗ ਪਈ ਤਾਂ ਸਿਤਾਰਾ ਜ਼ਬੀਨ, ਨਰਗਿਸ ਵਿਰੁਧ ਵਿੱਢ ਹੱਲਾ ਕਰਨ ਲਈ ਕਾਹਲੀ ਪੈ ਗਈ ਤੇ ਚੌਧਰੀ ਰਿਆਜ਼ ਦਾ ਬੂਹਾ ਜਾ ਖੜਕਾਇਆ। ਨੌਕਰ ਨੇ ਰਿਆਜ਼ ਨੂੰ ਦਸਿਆ ਕਿ, 'ਬਾਹਰ ਵੱਡੀ ਉਸਤਾਨੀ ਆਈ ਏ ਤੇ ਆਖਦੀ ਏ ਕਿ ਚੌਧਰੀ ਨੂੰ ਮਿਲਣੈ।'

ਚੌਧਰੀ ਦੀ ਬੀਵੀ ਅਜ਼ਰਾ ਅੱਗੇ ਹੀ ਰਿਆਜ਼ ਦੇ ਲੱਛਣਾਂ ਤੋਂ ਰੱਜੀ ਪਈ ਸੀ। ਉਹ ਆਖਣ ਲੱਗੀ, "ਕੀ ਗੱਲ ਏ? ਅੱਧੀ ਰਾਤੀਂ ਵੱਡੀ ਉਸਤਾਨੀ ਨੂੰ ਦੁੱਧ ਚੜ੍ਹਿਐ ਜੋ ਉਹਨੇ ਦਿਨ ਵੀ ਨਹੀਂ ਚੜ੍ਹਨ ਦਿਤਾ? ਜਾ ਵੇ ਫੱਜਿਆ, ਉਸ ਫ਼ੁਕਰ ਨੂੰ ਜਾ ਕੇ ਆਖ ਕਿ ਇਸ ਵੇਲੇ ਕੋਈ ਸਵੱਖਤੇ ਲੋਕਾਂ ਦੇ ਘਰ ਝਾਤੀਆਂ ਨਾ ਮਾਰਿਆ ਕਰੇ... ਫੁੱਟਣ ਕਿਸੇ ਥਾਂ ਦੀ ਨਾ ਹੋਵੇ ਤਾਂ।"

ਦਰਅਸਲ ਅਜ਼ਰਾ ਇਸ ਲਈ ਵੀ ਵਿਸ ਘੋਲਦੀ ਸੀ ਕਿ ਉਸ ਨੂੰ ਰਿਆਜ਼ ਦੇ ਸਿਤਾਰਾ ਜ਼ਬੀਨ ਵਲ ਫੇਰੇ-ਟੋਰੇ ਦੀ ਮਾੜੀ ਜਹੀ ਭਿਣਕ ਸੀ। ਉਹ ਅਜੇ ਅਪਣੇ ਨੌਕਰ ਨੂੰ ਹੋਰ ਵੀ ਕੁੱਝ ਆਖਣਾ ਚਾਹੁੰਦੀ ਸੀ ਕਿ ਰਿਆਜ਼ ਨੇ ਕੋਲ ਆਖਿਆ, "ਚਲ ਹੁਣ ਠੱਪੀ ਵੀ ਰਹਿ, ਮੈਂ ਆਪੇ ਉਸ ਨੂੰ ਟੋਰ ਆਉਨਾਂ।"

ਚੌਧਰੀ ਰਿਆਜ਼ ਨੇ ਬੜੇ ਕਰਾਹਤੀ ਢੰਗ ਨਾਲ ਸਿਤਾਰਾ ਨੂੰ ਆਖਿਆ, "ਤੈਨੂੰ ਇਸ ਵੇਲੇ ਅੱਧੀ ਰਾਤੀਂ ਕਿਹੜੀ ਭਾਜੀ ਬਣ ਗਈ ਏ?"

ਸਿਤਾਰਾ ਨੇ ਖੱਬੇ-ਸੱਜੇ ਝਾਤੀ ਮਾਰ ਕੇ, ਹੌਲੀ ਜਹੀ ਬੜੇ ਰਾਜ਼ ਨਾਲ ਚੌਧਰੀ ਨੂੰ ਕੁੱਝ ਗੱਲਾਂ ਸੁਣਾਈਆਂ ਅਤੇ ਅੱਗੋਂ ਸ਼ਾਬਾਸ਼ ਲੈਣ ਦੀ ਉਡੀਕ ਵਿਚ ਖਲੋਤੀ ਰਹੀ। ਸਿਤਾਰਾ ਫਿਰ ਕਹਿਣ ... ਦੀ ਜਵਾਨੀ ਵਿਚ ਲਗ ਕੇ ਵਰਗੀ ਮੁਟਿਆਰ ਸੀ। ਐਵੇਂ ਤੋਕੜ ਜਹੀ ਢੰਡਰ ਸੀ। ਰਿਆਜ਼ ਨੇ ਐਵੇਂ ਹੱਥ ਠੋਕਾ ਜਿਹਾ ਰਖਿਆ ਹੋਇਆ ਸੀ। ਉਹ ਏਨੀ ਮਹਿੰਗੀ ਤਾਂ ਹੈ ਨਹੀਂ ਸੀ। ਦੂਜਾ, ਉਹ ਆਪੇ ਹੀ ਦਾਗ਼ੀ ਅੰਬੀ ਵਾਂਗ ਝੋਲੀ ਵਿਚ ਆਣ ਡਿੱਗੀ ਸੀ। ਸਾਰੀਆਂ ਕਦਰਾਂ ਤਾਂ ਲੋੜਾਂ-ਥੋੜਾਂ ਕਰ ਕੇ ਹੀ ਹੁੰਦੀਆਂ ਨੇ। ਚੌਧਰੀ ਨੂੰ ਉਹਦੀ ਬਹੁਤੀ ਲੋੜ ਤਾਂ ਹੈ ਨਹੀਂ ਸੀ, ਇਸ ਲਈ ਚੌਧਰੀ ਰਿਆਜ਼ ਨੇ ਗੁੱਸੇ ਨਾਲ ਏਨਾ ਹੀ ਆਖਿਆ, "ਏਨੀ ਕਿਹੜੀ ਵੇਲਣੇ ਵਿਚ ਬਾਂਹ ਆ ਗਈ ਸੀ ਕਿ ਤੂੰ ਅੱਧੀ ਰਾਤੀਂ ਧਾਈ ਕੀਤੀ ਏ। ਇਹ ਗੱਲ ਸਵੇਰੇ ਨਹੀਂ ਸੀ ਹੋ ਸਕਦੀ?" ਅੱਗੋਂ ਸਿਤਾਰਾ ਦੀ ਕੋਈ ਹੋਰ ਗੱਲ ਸੁਣੇ ਬਗ਼ੈਰ ਹੀ ਚੌਧਰੀ ਨੇ ਠਾਹ ਕਰ ਕੇ ਬੂਹਾ ਮਾਰ ਦਿਤਾ।

ਜੇ ਗ਼ਰੀਬੀ ਨੇ ਮੰਦੇ ਵੇਲੇ ਦਾ ਹਨੇਰਾ ਨਾ ਤਾਣ ਦਿਤਾ ਹੁੰਦਾ ਤਾਂ ਪਾਣੀ ਵਾਲੇ ਮੁੰਡੇ ਸਾਬਰ ਦਾ ਰੰਗ ਗੋਰਾ ਹੀ ਰਹਿਣਾ ਸੀ। ਜਗਦੇ ਸ਼ੀਸ਼ ਉਤੇ ਹਨੇਰਿਆਂ ਦੀ ਧੂੜ ਪੈ ਜਾਏ ਤਾਂ ਉਸ ਦੀ ਲੋਅ ਵੀ ਅੰਧੀ ਰਹਿ ਜਾਂਦੀ ਏ। ਬੁਰੇ ਵੇਲੇ ਦਾ ਗੋਹਾ ਲੱਗ ਜਾਏ ਤਾਂ ਚੰਨ ਦੀ ਚਾਨਣੀ ਵੀ ਮੈਲੀ ਹੋ ਜਾਂਦੀ ਏ। ਪਾਣੀ ਦੀ ਔੜ, ਨਿਆਈਂ ਦੀ ਹਰੀ-ਭਰੀ ਫ਼ਸਲ ਦਾ ਰੰਗ ਬਦਲ ਦੇਂਦੀ ਏ। ਭਰ ਜਵਾਨੀ ਵਿਚ ਰੰਡੀ ਹੋ ਗਈ ਸਾਬਰ ਦੀ ਮਾਂ ਨੇ ਐਸੇ ਵਾਸਤੇ ਰੰਡੇਪਾ ਕੱਟ ਲਿਆ ਕਿ ਪੁੱਤਰ ਨੂੰ ਕਿਧਰੇ ਮਤਰੇਏ ਪਿਉ ਦੀ ਝਿੜਕ ਨਾ ਝਲਣੀ ਪਵੇ। ਕੰਮੀ ਕਿਸੇ ਜਾਤ ਜਾਂ ਕੰਮ ਦਾ ਨਹੀਂ ਹੁੰਦਾ, ਵੇਲਾ ਅਤੇ ਹਾਲਾਤ ਹੀ ਕਿਸੇ ਦੀ ਜਾਤ ਬਦਲ ਦੇਂਦੇ ਹਨ। ਇਸੇ ਤਰ੍ਹਾਂ ਸਾਬਰ ਦੀ ਮਾਂ ਵੀ ਲੋਕਾਂ ਦੀ ਕੰਮੀ ਬਣ ਗਈ। ਪੁੱਤਰ ਜੇ ਕਦੀ ਖੁੰਦਕ ਖਾਂਦਾ ਤੇ ਉਹ ਪੁੱਤਰ ਨੂੰ ਆਖਦੀ, "ਵੇ ਪੁੱਤਰ! ਜੇ ਕੰਮ ਕਰਨ ਵਾਲੇ ਕੰਮੀ ਹੁੰਦੇ ਨੇ ਤਾਂ ਰੱਬ ਸੱਭ ਤੋਂ ਵੱਡਾ ਕੰਮੀ ਹੈ ਜਿਹੜਾ ਸਾਰੇ ਜਹਾਨ ਦੇ ਕੰਮ ਕਰਦੈ। ਤੂੰ ਧਿਆਨ ਦੇ ਕੇ ਪੜ੍ਹਾਈ ਕਰੀ ਜਾ, ਮੈਂ ਲੋਕਾਂ ਦੇ ਘਰ ਕੰਮ ਕਰਦੀ ਆਂ ਤਾਂ ਇਸ ਵਿਚ ਮੇਰੀ ਇੱਜ਼ਤ ਘੱਟ ਨਹੀਂ ਜਾਂਦੀ।"

ਸਾਬਰ ਨੇ ਅਜੇ ਬਾਰ੍ਹਾਂ ਜਮਾਤਾਂ ਹੀ ਪੜ੍ਹੀਆਂ ਸਨ ਤੇ ਖੱਕ-ਟੁੱਟ ਕੇ ਹੋਰ ਜਾਣ ਵਾਲੀ ਮਾਂ ਜ਼ਮਾਨੇ ਨੂੰ ਸੈਂਤ ਸਲਾਮਾਂ ਕਰ ਕੇ ਕਿਸੇ ਹੋਰ ਜਹਾਨ ਦੀ ਟਿਕਟ ਕਟਾ ਗਈ।

ਮਾਂ ਦੇ ਪੋਟਿਆਂ ਦੀ ਮੈਲ ਨਾਲ ਪਲਿਆ-ਪੜ੍ਹਿਆ ਸਾਬਰ 16 ਜਮਾਤਾਂ ਵੀ ਪੜ੍ਹ ਜਾਂਦਾ ਤਾਂ ਵੀ ਨਸੀਬਾਂ ਦੀ ਮੈਲ ਕਿਵੇਂ ਧੋ ਸਕਦਾ ਸੀ? ਬੜੀਆਂ ਟੱਕਰਾਂ ਮਾਰੀਆਂ, ਪਰ ਕਿਸੇ ਨੇ ਉਹਨੂੰ ਚੁੰਗੀ ਮੁਹਰਰ ਜਾਂ ਮੀਟਰ ਰੀਡਰ ਦੀ ਨੌਕਰੀ ਵੀ ਨਾ ਦਿਤੀ। ਉਸ ਨੇ ਕਚਹਿਰੀ ਵਿਚ ਡੀ.ਸੀ. ਦੇ ਚਪੜਾਸੀ ਲਈ ਦਰਖ਼ਾਸਤ ਦਿਤੀ ਤਾਂ ਲੋਕਾਂ ਨੇ ਆਖਿਆ, "ਸਾਬਰ, ਤੂੰ ਕਮਾਈ ਵਾਲੀਆਂ ਕਿਉਂ ਲਭਦੈਂ? ਕੋਈ ਅਜਿਹੀ ਨੌਕਰੀ ਟੋਲ ਜਿਥੇ ਉਤੇ ਵਾਲੀ ਕਮਾਈ ਦਾ ਪੈਸਾ ਨਾ ਲਭਦਾ ਹੋਵੇ। ਇਹ ਸਾਰੀਆਂ ਨੌਕਰੀਆਂ ਤਾਂ ਅਫ਼ਸਰਾਂ ਵਰਗੀਆਂ ਨੇ।"

ਉਸ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਵੱਡੇ ਅਫ਼ਸਰਾਂ ਦੇ ਚਪੜਾਸੀਆਂ ਨੂੰ ਵੀ ਉਤੋਂ ਕਮਾਈ ਹੁੰਦੀ ਏ। ਜਦੋਂ ਚਾਰੇ ਕੁੰਟਾਂ ਸੌੜੀਆਂ ਪੈ ਗਈਆਂ ਤੇ ਹਰ ਪਾਸੇ ਨੇ ਪਾਸਾ ਵੱਟ ਲਿਆ ਤਾਂ ਅਖ਼ੀਰ ਸਾਬਰ, ਰੇਲਵੇ ਦੀ ਕੱਚੀ ਭਰਤੀ ਵਿਚ ਟੇਸ਼ਨਾਂ ਉਪਰ ਪਾਣੀ ਪਿਲਾਉਣ ਵਾਲਾ ਭਰਤੀ ਹੋ ਗਿਆ। ਨੀਲੇ ਲੀੜੇ ਪਾ ਕੇ ਹੱਥ ਵਿਚ ਲੋਕੇ ਦਾ ਗਲਾਸ ਫੜੀ ਪਾਣੀ ਵਾਲੀ ਬਾਲਟੀ ਲਮਕਾ ਕੇ ਹਰ ਡੱਬੇ ਅੱਗੇ ਖਲੋ ਕੇ ਆਖਣ ਲੱਗ ਪਿਆ, "ਮੁਸਲਮਾਨ ਪਾਣੀ, ਮੁਸਲਮਾਨ ਪਾਣੀ..."।

ਇਹ ਪੜ੍ਹਿਆ-ਲਿਖਿਆ ਜਵਾਨ ਇਹ ਵੀ ਸੋਚਦਾ ਰਿਹਾ ਕਿ 'ਜਦੋਂ ਇਹੀ ਪਾਣੀ ਜ਼ਮੀਨ ਵਿਚ ਸੀ ਤਾਂ ਸੱਭ ਦਾ ਸਾਂਝਾ ਸੀ। ਇਨਸਾਨ ਦਾ ਹੱਥ ਲੱਗਾ ਤੇ ਇਹ ਭ੍ਰਿਸ਼ਟ ਹੋ ਗਿਆ, ਭਿੱਟਿਆ ਗਿਆ ਅਤੇ ਪਲੀਤ ਹੋ ਗਿਆ। ਇਸ ਦੀਆਂ ਵੰਡੀਆਂ ਪਾ ਕੇ ਜਾਤਾਂ-ਪਾਤਾਂ ਵਿਚ ਤਕਸੀਮ ਕਰ ਦਿਤਾ ਗਿਆ। ਮਿੱਟੀ ਥੱਲੇ ਇਹ ਸਾਫ਼ ਸੁਥਰਾ ਸੀ ਅਤੇ ਇਨਸਾਨਾਂ ਦੇ ਪਿਆਲਿਆਂ ਵਿਚ ਪਿਆ ਤਾਂ ਇਸ ਨੂੰ ਧਰਮਾਂ ਦਾ ਦੋਸ਼ ਲੱਗ ਗਿਆ। ਇਸ ਦੀਆਂ ਵੰਡੀਆਂ ਪੈ ਗਈਆਂ। ਮੱਕੇ ਦਾ ਪਾਣੀ ਆਬਿ ਜ਼ਮ-ਜ਼ਮ ਅਖਵਾ ਕੇ ਬੜਾ ਹੀ ਪਵਿੱਤਰ ਹੋ ਗਿਆ ਅਤੇ ਗੰਗਾ ਜਲ ਪਾਪੀਆਂ ਦੇ ਪਾਪ ਧੋਣ ਲੱਗ ਪਿਆ। ਇਸ ਰੱਬ ਦੀ ਧਰਤੀ ਥੱਲਿਉਂ ਨਿਕਲਣ ਵਾਲਾ ਇਕ ਹੀ ਪਾਣੀ ਵਖਰਾ-ਵਖਰਾ ਹੋ ਕੇ ਚੰਗਾ ਮੰਦਾ ਅਖਵਾਉਣ ਲੱਗ ਪਿਆ। ਇਸ ਬੇਰੰਗ ਪਾਣੀ ਨੂੰ ਧਰਮਾਂ ਨੇ ਅਪਣੀ-ਅਪਣੀ ਮਰਜ਼ੀ ਦੇ ਰੰਗ ਕਿਉਂ ਦੇ ਦਿਤੇ?'

ਇਹ ਉਸ ਪਾਣੀ ਵਾਲੇ ਗ਼ਰੀਬ ਸਾਬਰ ਦੀਆਂ ਅਪਣੀਆਂ ਸੋਚਾਂ ਸਨ। ਧਰਮਾਂ ਦੇ ਛਿੱਤਰਾਂ ਕੋਲੋਂ ਡਰ ਕੇ ਉਸ ਨੇ ਕਦੀ ਕਿਸੇ ਨੂੰ ਇਹ ਸਵਾਲ ਵੀ ਨਾ ਪੁਛਿਆ। ਉਹ ਬਸ ਨਿੱਕੇ ਜਹੇ ਸਟੇਸ਼ਨ ਫ਼ਰੀਦ ਕੋਟ ਦੀ ਹਰ ਗੱਡੀ ਦੇ ਡੱਬੇ ਅੱਗੇ ਇਹੀ ਆਖਦਾ ਰਿਹਾ, "ਮੁਸਲਮਾਨ ਪਾਣੀ, ਮੁਸਲਮਾਨ ਪਾਣੀ।" ਦੋਵੇਂ ਗੱਡੀਆਂ ਲੰਘ ਜਾਂਦੀਆਂ ਤਾਂ ਸਟੇਸ਼ਨ ਮਾਸਟਰ ਦੇ ਹੁੱਕੇ ਦੀ ਅੱਗ ਧਰ ਕੇ, ਉਹਦੇ ਨਿੱਕੇ-ਨਿੱਕੇ ਬਾਲਾਂ ਨੂੰ ਪੜ੍ਹਾ ਕੇ, ਘਰ ਦੇ ਨਿੱਕੇ ਮੋਟੇ ਕੰਮ ਵੀ ਕਰ ਦੇਂਦਾ।

ਰਾਮ ਨਗਰ ਤੋਂ ਆਉਣ ਵਾਲੀ ਗੱਡੀ ਫ਼ਰੀਦ ਨਗਰ ਸਟੇਸ਼ਨ ਉਤੇ ਆ ਕੇ ਖਲੋਤੀ ਤਾਂ ਤੀਜੇ ਦਰਜੇ ਦੇ ਡੱਬੇ ਦੀ ਭੀੜ ਵਿਚ ਅਪਣੇ ਚਿੱਟੇ ਲੀੜੇ ਬਚਾਉਂਦੀ ਹੋਈ ਤੇ ਹਿੱਕ ਨਾਲ ਲਾਈਆਂ ਕਿਤਾਬਾਂ ਨਾਲ ਨਰਗਿਸ ਬੜੀ ਮੁਸ਼ਕਲ ਨਾਲ ਥੱਲੇ ਉਤਰੀ। ਡੱਬੇ ਦੀ ਭੀੜ ਅਤੇ ਜੇਠ ਦੀ ਗਰਮੀ ਨੇ ਉਸ ਦੇ ਗੋਰੇ ਰੰਗ ਨੂੰ ਸੂਹਾ ਲਾਲ ਕਰ ਦਿਤਾ ਸੀ। ਥੱਲੇ ਉਤਰ ਕੇ ਅਪਣੇ ਪੱਲੇ ਨਾਲ ਮੱਥੇ ਦਾ ਮੁੜ੍ਹਕਾ ਪੂੰਝਿਆ ਤੇ ਚੁੰਨੀ ਨਾਲ ਅਪਣੀ ਜਵਾਨੀ ਨੂੰ ਢਕਦੀ ਹੋਈ ਤਰੇਹ ਦੀ ਮਾਰੀ ਪਾਣੀ ਵਾਲੇ ਵਲ ਵਧੀ। ਉਸ ਦਾ ਰੰਗ ਰੂਪ ਵੇਖ ਕੇ ਸਾਬਰ ਨੂੰ ਉਹ ਕੋਈ ਪਰੀਆਂ ਦੀ ਧੀ ਜਾਪੀ ਤੇ ਉਹ ਆਖਣ ਲੱਗਾ, "ਬੀਬੀ ਜੀ! ਇਹ ਮੁਸਲਮਾਨ ਪਾਣੀ ਜੇ।"

"ਵੀਰਾ! ਪਾਣੀ ਦੀ ਜਾਤ ਦਾ ਮਜ਼੍ਹਬ ਅਤੇ ਫ਼ਿਰਕਾ ਕੋਈ ਨਹੀਂ ਹੁੰਦਾ। ਇਹਦਾ ਕੰਮ ਸਿਰਫ਼ ਤਰੇਹ ਬੁਝਾਉਣਾ ਹੈ। ਇਸ ਨੂੰ ਧਰਮਾਂ ਦਾ ਦੋਸ਼ ਨਾ ਦੇ।" ਨਰਗਿਸ ਨੇ ਸੱਜੇ ਹੱਥ ਨਾਲ ਗਲਾਸ ਫੜਨ ਲਈ ਕਿਤਾਬਾਂ ਨੂੰ ਖੱਬੇ ਹੱਥ ਵਿਚ ਫੜਦਿਆਂ ਆਖਿਆ। ਏਨੀ ਡੂੰਘੀ ਜਹੀ ਗੱਲ ਸੁਣ ਕੇ ਸਾਬਰ ਕੁੜੀ ਦੀ ਸ਼ਖ਼ਸੀਅਤ ਵਿਚ ਸਾਰਾ ਹੀ ਡੁੱਬ ਗਿਆ। ਉਹਦਾ ਜੀਅ ਕੀਤਾ ਕਿ ਕੁੜੀ ਨੂੰ ਸਿਰ ਤੋਂ ਲੈ ਕੇ ਪੈਰਾਂ ਤਕ ਵੇਖੇ, ਪਰ ਕਿਸੇ ਦੀ ਸੋਚ ਏਨੀ ਉੱਚੀ ਹੋਵੇ ਤਾਂ ਨਜ਼ਰਾਂ ਨੀਵੀਆਂ ਹੀ ਰਹਿੰਦੀਆਂ ਨੇ। ਸਾਬਰ ਨੇ ਗਲਾਸ ਨੂੰ ਤਿੰਨ ਵਾਰ ਹੰਗਾਲਿਆ ਤੇ ਬੜੇ ਪਿਆਰ ਨਾਲ ਥੋੜਾ ਜਿਹਾ ਉਤਾਂਹ ਰੱਖ ਕੇ ਗਲਾਸ ਨੂੰ ਉਪਰੋਂ ਫੜਿਆ ਕਿ ਫੜਨ ਵਾਲੇ ਦਾ ਹੱਥ ਉਸ ਦੇ ਹੱਥ ਨੂੰ ਨਾ ਲੱਗ ਜਾਏ। ਉਹ ਬਦਤਮੀਜ਼ੀ ਤੋਂ ਡਰਦਾ ਸੀ। ਨਰਗਿਸ ਨੇ ਇਹ ਸਾਰਾ ਕੁੱਝ ਗ਼ੌਰ ਨਾਲ ਜਾਚਿਆ ਤੇ ਇਹ ਵੀ ਗ਼ੌਰ ਕੀਤਾ ਕਿ ਪਾਣੀ ਵਾਲੇ ਨੇ ਨਜ਼ਰ ਭਰ ਕੇ ਇਕ ਵਾਰ ਵੀ ਉਹਦੇ ਵਲ ਨਹੀਂ ਸੀ ਵੇਖਿਆ। ਮੌਕਾ ਮਿਲਦਿਆਂ ਹੋਇਆਂ ਵੀ ਜੇ ਕੋਈ ਜਵਾਨ ਮੁੰਡਾ ਕਿਸੇ ਰੱਜ ਕੇ ਸੋਹਣੀ ਕੁੜੀ ਵਲ ਤਰਸ ਕੇ ਨਾ ਵੇਖੇ ਤਾਂ ਕੁੜੀ ਨੂੰ ਅਪਣੇ ਹੁਸਨ ਉਤੇ ਸ਼ੱਕ ਪੈ ਜਾਂਦੇ ਜਾਂ ਅਗਲੇ ਦੀ ਸ਼ਰਾਫ਼ਤ ਉਪਰ ਯਕੀਨ ਹੋ ਜਾਂਦੈ। ਇਹ ਹੁਣ ਹਰ ਕੁੜੀ ਦੀ ਅਪਣੀ ਸੋਚ ਉਤੇ ਮੁਕਦੀ ਏ ਕਿ ਜੋ ਮਰਜ਼ੀ ਧਾਰ ਲਵੇ। ਪਰ ਨਰਗਿਸ ਨੇ ਪੁੱਠੇ ਪਾਸੇ ਜਾਣ ਦੀ ਬਜਾਏ ਮੁੰਡੇ ਨੂੰ ਹੀ ਬੜਾ ਸ਼ਰੀਫ਼ ਅਤੇ ਸਾਊ ਮਿਥ ਲਿਆ ਸੀ। ਉਹਨੇ ਨੀਵੀਆਂ ਨਜ਼ਰਾਂ ਵਾਲੇ ਸਾਬਰ ਨੂੰ ਬੜੇ ਹੀ ਲਾਪ੍ਰਵਾਹੀ ਜਹੇ ਅੰਦਾਜ਼ ਨਾਲ ਗਲਾਸ ਫੜਾਇਆ, ਪਰ ਸਾਬਰ ਨੇ ਬੜੇ ਹੀ ਅਹਿਤਿਆਤ ਨਾਲ ਗਲਾਸ ਨੂੰ ਇੰਜ ਫੜਿਆ ਕਿ ਪੋਟੇ ਨਾਲ ਪੋਟਾ ਵੀ ਨਾ ਖਹਿ ਸਕਿਆ। ਇਹ ਸਾਰੀਆਂ ਅਹਿਤਿਆਤਾਂ ਅਪਣੀ ਥਾਂ ਪਰ ਕੁਦਰਤ ਤੇ ਫ਼ਿਤਰਤ ਦੀ ਖੇਡ ਅਪਣੀ ਥਾਂ। ਨਾ ਪਾਣੀ ਵਾਲੇ ਦੀ ਸ਼ਰਾਫ਼ਤ ਨੂੰ ਭੁਲਣਾ ਸੌਖਾ ਸੀ ਅਤੇ ਨਾ ਹੀ ਕੁੜੀ ਦੇ ਹੁਸਨ ਅਤੇ ਉਹਦੀ ਖ਼ੂਬਸੂਰਤ ਗੱਲ ਉਤੇ ਮਿੱਟੀ ਪਾਉਣੀ ਸੌਖੀ ਸੀ।

ਗੇਟ ਉਤੇ ਬਾਬੂ ਨੂੰ ਟਿਕਟ ਫੜਾ ਕੇ ਨਰਗਿਸ ਨੇ ਬੇਧਿਆਨੀ ਵਾਂਗ ਬੜੇ ਧਿਆਨ ਨਾਲ ਮੁੜ ਕੇ ਸਾਬਰ ਵਲ ਵੇਖਿਆ ਤਾਂ ਸਾਬਰ ਹੱਥ ਵਿਚ ਉਸੇ ਹੀ ਤਰ੍ਹਾਂ ਗਲਾਸ ਫੜ ਕੇ ਨਰਗਿਸ ਵਲ ਇੰਜ ਵੇਖ ਰਿਹਾ ਸੀ ਜਿਵੇਂ ਕੋਈ ਪਾਣੀ ਪੀ ਕੇ ਉਹਦਾ ਘੁੱਟ ਭਰ ਗਿਆ ਹੋਵੇ। ਦੋਹਾਂ ਦਾ ਇੰਜ ਵੇਖਣਾ, ਦੋਹਾਂ ਨੂੰ ਪੱਚੀ ਜਿਹਾ ਕਰ ਗਿਆ। ਕਦੀ-ਕਦੀ ਇਕੋ ਵਾਰ ਨਾਲ ਕਈ ਕਤਲ ਹੋ ਜਾਂਦੇ ਨੇ। ਸਟੇਸ਼ਨ ਤੋਂ ਲੈ ਕੇ ਜਮਾਲਪੁਰ ਤਕ ਨਰਗਿਸ, ਸਾਬਰ ਬਾਰੇ ਹੀ ਸੋਚਦੀ ਰਹੀ ਕਿ ਵਿਰੋਧੀ ਵੇਲੇ ਦੀ ਕਿਹੜੀ ਆਫ਼ਤ ਇਸ ਚੰਗੇ-ਭਲੇ ਜਵਾਨ ਮੁੰਡੇ ਨੂੰ ਏਨੀ ਨਖਿੱਧ ਨੌਕਰੀ ਲਈ ਮਜਬੂਰ ਕਰ ਗਈ ਹੋਣੀ ਏ। (ਚਲਦਾ)

(ਬਾਕੀ ਅਗਲੇ ਅੰਕ 'ਚ)

ਫ਼ੋਨ ਨੰ. : 0208-519-2139

ਨਰਗਿਸ ਨੇ ਸਾਰਾ ਕੁੱਝ ਗ਼ੌਰ ਨਾਲ ਜਾਚਿਆ ਤੇ ਇਹ ਵੀ ਗ਼ੌਰ ਕੀਤਾ ਕਿ ਪਾਣੀ ਵਾਲੇ ਨੇ ਨਜ਼ਰ ਭਰ ਕੇ ਇਕ ਵਾਰ ਵੀ ਉਹਦੇ ਵਲ ਨਹੀਂ ਸੀ ਵੇਖਿਆ। ਮੌਕਾ ਮਿਲਦਿਆਂ ਹੋਇਆਂ ਵੀ ਜੇ ਕੋਈ ਜਵਾਨ ਮੁੰਡਾ ਕਿਸੇ ਰੱਜ ਕੇ ਸੋਹਣੀ ਕੁੜੀ ਵਲ ਤਰਸ ਕੇ ਨਾ ਵੇਖੇ ਤਾਂ ਕੁੜੀ ਨੂੰ ਅਪਣੇ ਹੁਸਨ ਉਤੇ ਸ਼ੱਕ ਪੈ ਜਾਂਦੇ ਜਾਂ ਅਗਲੇ ਦੀ ਸ਼ਰਾਫ਼ਤ ਉਪਰ ਯਕੀਨ ਹੋ ਜਾਂਦੈ। ਇਹ ਹੁਣ ਹਰ ਕੁੜੀ ਦੀ ਅਪਣੀ ਸੋਚ ਉਤੇ ਮੁਕਦੀ ਏ ਕਿ ਜੋ ਮਰਜ਼ੀ ਧਾਰ ਲਵੇ। ਪਰ ਨਰਗਿਸ ਨੇ ਪੁੱਠੇ ਪਾਸੇ ਜਾਣ ਦੀ ਬਜਾਏ ਮੁੰਡੇ ਨੂੰ ਹੀ ਬੜਾ ਸ਼ਰੀਫ਼ ਅਤੇ ਸਾਊ ਮਿਥ ਲਿਆ ਸੀ। ਉਹਨੇ ਨੀਵੀਆਂ ਨਜ਼ਰਾਂ ਵਾਲੇ ਸਾਬਰ ਨੂੰ ਬੜੇ ਹੀ ਲਾਪ੍ਰਵਾਹੀ ਜਹੇ ਅੰਦਾਜ਼ ਨਾਲ ਗਲਾਸ ਫੜਾਇਆ, ਪਰ ਸਾਬਰ ਨੇ ਬੜੇ ਹੀ ਅਹਿਤਿਆਤ ਨਾਲ ਗਲਾਸ ਨੂੰ ਇੰਜ ਫੜਿਆ ਕਿ ਪੋਟੇ ਨਾਲ ਪੋਟਾ ਵੀ ਨਾ ਖਹਿ ਸਕਿਆ। ਇਹ ਸਾਰੀਆਂ ਅਹਿਤਿਆਤਾਂ ਅਪਣੀ ਥਾਂ ਪਰ ਕੁਦਰਤ ਤੇ ਫ਼ਿਤਰਤ ਦੀ ਖੇਡ ਅਪਣੀ ਥਾਂ। ਨਾ ਪਾਣੀ ਵਾਲੇ ਦੀ ਸ਼ਰਾਫ਼ਤ ਨੂੰ ਭੁਲਣਾ ਸੌਖਾ ਸੀ ਅਤੇ ਨਾ ਹੀ ਕੁੜੀ ਦੇ ਹੁਸਨ ਅਤੇ ਉਹਦੀ ਖ਼ੂਬਸੂਰਤ ਗੱਲ ਉਤੇ ਮਿੱਟੀ ਪਾਉਣੀ ਸੌਖੀ ਸੀ।

ਗੇਟ ਉਤੇ ਬਾਬੂ ਨੂੰ ਟਿਕਟ ਫੜਾ ਕੇ ਨਰਗਿਸ ਨੇ ਬੇਧਿਆਨੀ ਵਾਂਗ ਬੜੇ ਧਿਆਨ ਨਾਲ ਮੁੜ ਕੇ ਸਾਬਰ ਵਲ ਵੇਖਿਆ ਤਾਂ ਸਾਬਰ ਹੱਥ ਵਿਚ ਉਸੇ ਹੀ ਤਰ੍ਹਾਂ ਗਲਾਸ ਫੜ ਕੇ ਨਰਗਿਸ ਵਲ ਇੰਜ ਵੇਖ ਰਿਹਾ ਸੀ ਜਿਵੇਂ ਕੋਈ ਪਾਣੀ ਪੀ ਕੇ ਉਹਦਾ ਘੁੱਟ ਭਰ ਗਿਆ ਹੋਵੇ। ਦੋਹਾਂ ਦਾ ਇੰਜ ਵੇਖਣਾ, ਦੋਹਾਂ ਨੂੰ ਪੱਚੀ ਜਿਹਾ ਕਰ ਗਿਆ। ਕਦੀ-ਕਦੀ ਇਕੋ ਵਾਰ ਨਾਲ ਕਈ ਕਤਲ ਹੋ ਜਾਂਦੇ ਨੇ। ਸਟੇਸ਼ਨ ਤੋਂ ਲੈ ਕੇ ਜਮਾਲਪੁਰ ਤਕ ਨਰਗਿਸ, ਸਾਬਰ ਬਾਰੇ ਹੀ ਸੋਚਦੀ ਰਹੀ ਕਿ ਵਿਰੋਧੀ ਵੇਲੇ ਦੀ ਕਿਹੜੀ ਆਫ਼ਤ ਇਸ ਚੰਗੇ-ਭਲੇ ਜਵਾਨ ਮੁੰਡੇ ਨੂੰ ਏਨੀ ਨਖਿੱਧ ਨੌਕਰੀ ਲਈ ਮਜਬੂਰ ਕਰ ਗਈ ਹੋਣੀ ਏ।

ਤ੍ਰਿਊਂਡ (ਧਰਮਸ਼ਾਲਾ)

ਗੁਰਮੇਲ ਸਿੰਘ ਖੋਖਰ

ਮੈਂ ਤੇ ਮੇਰੇ ਸਾਥੀਆ ਨੇ 'ਤ੍ਰਿਊਂਡ' ਜਾਣ ਦਾ ਪ੍ਰੋਗਰਾਮ ਬਣਾਇਆ। ਅਸੀ ਸਵੇਰੇ 7 ਵਜੇ ਮੇਰੇ ਪਿੰਡ ਭਾਈ ਰੂਪਾ ਤੋਂ ਜਲੰਧਰ ਵਾਇਆ ਪਠਾਨਕੋਟ ਤੋਂ ਰਾਜ ਕਾ ਥਾਗ਼ਾ, ਨੂਰਪੁਰਾ, ਡੱਢਵਾਲ ਟੀ ਪੁਆਇੰਟ ਪਹੁੰਚ ਕੇ ਥੀਕੂ ਡੱਲੀ ਢਾਬੇ ਵਿਚ ਲੰਗਰ ਛਕਿਆ। ਉਥੇ ਚਾਹ ਪੀ ਕੇ ਅਸੀ ਧਰਮਸ਼ਾਲਾ ਨੂੰ ਚਾਲੇ ਪਾ ਦਿਤੇ। ਸੱਪ ਵਾਂਗ ਵੱਲ-ਵਲੇਵੇਂ ਖਾਂਦੀਆਂ ਸੜਕਾਂ, ਹਰਿਆਵਾਲ ਦਾ ਤਾਂ ਕੀ ਕਹਿਣਾ। ਅਸੀ ਉੱਚੀਆਂ ਨੀਵੀਆਂ ਵਾਦੀਆਂ ਪਾਰ ਕਰ ਕੇ ਜਦੋਂ ਧਰਮਸ਼ਾਲਾ ਪਹੁੰਚੇ ਤਾਂ ਉੱਚੇ ਲੰਮੇ ਚੀਲ ਅਤੇ ਕੈਨ ਦੇ ਦੇਵਦਾਰ ਦਰੱਖ਼ਤਾਂ ਨੇ ਸਾਡਾ ਸਵਾਗਤ

ਨਹਾ ਕੇ ਚਾਹ ਪੀਤੀ ਤੇ ਹਲਕਾ ਜਿਹਾ ਨਾਸ਼ਤਾ ਕਰ ਕੇ ਮਕਲੋਡਗੰਜ ਨੂੰ ਚਾਲੇ ਪਾ ਦਿਤੇ। ਸਮੁੰਦਰੀ ਤਲ ਤੋਂ ਧਰਮਸ਼ਾਲਾ ਦੀ ਉਚਾਈ 4500 ਮੀਟਰ ਦੇ ਲਗਪਗ ਹੈ।

ਧਰਮਸ਼ਾਲਾ ਨੂੰ ਆਕਲੈਂਡ ਅਤੇ ਗੁਲਮਾਰਗ ਵੀ ਕਿਹਾ ਜਾਂਦਾ ਹੈ। ਇਸ ਦੀ ਖੋਜ ਭਾਰਤ ਦੇ ਵਾਇਸਰਾਏ ਲਾਰਡ ਐਲਗਨ ਨੇ ਕੀਤੀ। ਉਸ ਦਾ ਦਿਹਾਂਤ 20 ਨਵੰਬਰ, 1863 ਨੂੰ ਹੋਇਆ ਸੀ। ਇਥੇ ਉਸ ਦੀ ਯਾਦ ਵਿਚ ਮਕਬਰਾ ਬਣਿਆ ਹੋਇਆ ਹੈ। ਸੇਂਟ ਜੋਹਨ ਚਰਚ ਮਕਲੋਡਗੰਜ ਅਤੇ ਡੱਲੀ ਛਾਉਣੀ ਦੇ ਵਿਚਕਾਰ ਕੋਹ ਰਹੀ 'ਤੇ ਹੈ। ਮਕਲੋਡਗੰਜ ਵਿਚ

ਦੇ ਸ਼ੇਰਾਂ ਦੇ ਮੂੰਹ ਰਾਹੀਂ ... ਤਲਾਅ ਵਿਚ ਦਾਖ਼ਲ ਹੁੰਦਾ ਹੈ। ਮੰਦਰ ਦੇ ਉੱਤਰ

ਅਨੰਦ ਮਾਣਦੇ ਹਨ। ਅਸੀ ਝਰਨੇ ਤੋਂ ਵਾਪਸ ਆ ਕੇ ਭਗਸੂ ਨਾਗ ਵਿਖੇ ਕਮਰਾ ਲਿਆ ਤੇ ਖਾਣਾ ਖਾ ਕੇ ਸੌਂ ਗਏ। ਸਵੇਰੇ 5 ਵਜੇ ਉਠ ਕੇ ਤੇ ਨਹਾ ਧੋ ਕੇ ਚਾਹ ਪੀਤੀ। ਹਲਕਾ ਖਾਣਾ ਖਾ ਕੇ ਲਿਪਟਿਪ ਹੋਟਲ ਦੇ ਦਫ਼ਤਰ ਪਹੁੰਚ ਕੇ ਅਸੀ ਤ੍ਰਿਊਂਡ ਬਾਰੇ ਜਾਣਕਾਰੀ ਹਾਸਲ ਕੀਤੀ। ਗਾਈਡ ਨੇ ਕਿਹਾ ਕਿ ਤੁਸੀ 10-12 ਜਣਿਆਂ ਤੋਂ ਘੱਟ ਨਹੀਂ ਹੋਣੇ ਚਾਹੀਦੇ ਕਿਉਂਕਿ ਰਸਤਾ ਖ਼ਤਰਿਆਂ ਭਰਿਆ ਹੈ। ਰਸਤੇ ਵਿਚ ਸ਼ੇਰ, ਭਾਲੂ, ਹਾਥੀ, ਲੱਕੜ ਬੱਗੇ ਵਰਗੇ ਹੋਰ ਵੀ ਖ਼ਤਰਨਾਕ ਜਾਨਵਰ ਹਨ। ਗਾਈਡ ਤੋਂ ਰਸਤਾ ਸਮਝ ਕੇ ਫਿਰ ਅਸੀ ਤ੍ਰਿਊਂਡ ਨੂੰ ਚਾਲੇ ਪਾ ਦਿਤੇ। ਭਗਸੂ ਨਾਗ ਤੋਂ ...

ਸੜਕ ਦੇ ਰਸਤੇ ਚਲਦੇ ਹੋਏ ਗੌਲੂ ਪਹਾੜ ਦੀ ਟੀਸੀ 'ਤੇ ਪਹੁੰਚੇ। ਇਥੇ ਬਾਬਾ ਗੌਲੂ ਦਾ ਮੰਦਰ ਹੈ। ਕੁੱਝ ਚਿਰ ਆਰਾਮ ਕਰਨ ਮਗਰੋਂ ਅਸੀ ਮੰਦਰ ਵਾਲੀ ਦੁਕਾਨ ਤੋਂ ਖਾਣ ਪੀਣ ਦਾ ਸਮਾਨ ਲੈ ਕੇ ਅੱਗੇ ਨੂੰ ਚੱਲ ਪਏ। ਤ੍ਰਿਊਂਡ ਦਾ ਰਸਤਾ ਅੱਗੇ ਤੰਗ ਸੀ। ਰਸਤਾ ਪਗ ਡੰਡੀਆਂ, ਟੇਢਾ-ਮੇਢਾ ਤੇ ਉਭੜ-ਖਾਭੜ ਸੀ। ਅਸੀ ਲਾਈਨ ਬਣਾ ਕੇ ਪਹਾੜ ਦੇ ਕਿਨਾਰੇ ਕਿਨਾਰੇ ਚੱਲ ਰਹੇ ਸੀ। ਇਸੇ ਦੌਰਾਨ ਸਾਨੂੰ ਡਰਾਉਣੀਆਂ ਆਵਾਜ਼ਾਂ ਸੁਣਾਈ ਦੇਣ ਲਗੀਆਂ। ਸਾਨੂੰ ਡਰ ਲੱਗ ਰਿਹਾ ਸੀ, ਫਿਰ ਵੀ ਅਸੀ ਹਿੰਮਤ ਅਤੇ ਦ੍ਰਿੜ ਇਰਾਦੇ ਨਾਲ ਅੱਗੇ ਵੱਧ ਰਹੇ ਸੀ। ਅੱਗੇ ਰਸਤੇ ਵਿਚ ਇਕ ਚਾਹ ਦੀ ਦੁਕਾਨ ਆਈ। ਅਸੀ ਸਾਰਿਆਂ ਨੇ ਉਥੇ ਚਾਹ ਪੀਤੀ ਤੇ ਕੁੱਝ ਦੇਰ ਆਰਾਮ ਕਰਨ ਤੋਂ ਬਾਅਦ ਅੱਗੇ ਨੂੰ ਵਧਣਾ ਜਾਰੀ ਰਖਿਆ। ਅਸੀ ਸਾਰੇ ਤ੍ਰਿਊਂਡ ਟ੍ਰੈਕਿੰਗ ਕਰਨ ਜਾ ਰਹੇ ਸੀ। ਰਸਤੇ ਵਿਚ ਅੱਗੇ ਤੋਂ ਆ ਰਹੇ ਰਾਹੀ ਨੂੰ ਪੁਛਿਆ ਕਿ 'ਤ੍ਰਿਊਂਡ ਕਿੰਨੀ ਦੂਰ ਹੈ' ਤਾਂ ਉਨ੍ਹਾਂ ਦਸਿਆ ਕਿ, 'ਥੋੜੀ ਦੂਰੀ 'ਤੇ ਹੀ ਹੈ।'

ਮੀਂਹ ਪੈ ਰਿਹਾ ਸੀ ਜਿਸ ਕਾਰਨ ਸਾਨੂੰ ਠੰਢ ਲੱਗ ਰਹੀ ਸੀ। ਥੋੜੀ ਦੂਰ ਜਾ ਕੇ ਸਾਨੂੰ ਇਕ ਦੁਕਾਨ ਨਜ਼ਰ ਆਈ। ਅਸੀ ਮੀਂਹ ਤੋਂ ਬਚਣ ਲਈ ਦੁਕਾਨ ਅੰਦਰ ਬਿਠ ਗਏ। ਸਾਡੇ ਤੋਂ